## ਦਫ਼ਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ.ਨਗਰ।
## (ਪ੍ਰਮੋਸ਼ਨ ਸੈੱਲ)

**ਦਫ਼ਤਰੀ ਕਾਰਜ ਲਈ ਨੋਟਿਸ** **ਮਿਤੀ 28.01.2026**

ਇਸ ਦਫ਼ਤਰ ਵੱਲੋਂ ਮਾਸਟਰ ਕਾਡਰ ਦੀਆਂ ਪਦ-ਉੱਨਤੀਆਂ ਦੇ ਹੁਕਮ ਜਾਰੀ ਕਰਨ ਉਪਰੰਤ ਮਿਤੀ 23.01.2026 ਨੂੰ ਸਟੇਸ਼ਨ ਚੋਣ ਸਬੰਧੀ ਨੋਟਿਸ ਜਾਰੀ ਕੀਤਾ ਗਿਆ ਸੀ। ਪ੍ਰੰਤੂ ਇਸ ਦਫ਼ਤਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਕਈ ਕਰਮਚਾਰੀਆਂ ਦੇ ਕੇਸ ਭੇਜਣ ਤੋਂ ਰਹਿ ਗਏ ਹਨ, ਜਿਸ ਕਾਰਨ ਕਈ ਯੋਗ ਕਰਮਚਾਰੀ ਪਦ-ਉੱਨਤੀ ਦੇ ਹੱਕ ਤੋਂ ਵਾਂਝੇ ਰਹਿ ਗਏ ਹਨ। ਇਸ ਲਈ ਵਿਭਾਗ ਵੱਲੋਂ ਇਹ ਫੈਸਲਾ ਕੀਤਾ ਗਿਆ ਹੈ ਕਿ ਹਰੇਕ ਜਿਲੇ ਦੇ ਜਿਲਾ ਸਿੱਖਿਆ ਅਫ਼ਸਰ (ਸੈਕੰਡਰੀ ਅਤੇ ਐਲੀਮੈਂਟਰੀ) ਤੋਂ 15 ਦਿਨਾਂ ਦੇ ਅੰਦਰ ਇਹ ਤਸਦੀਕ ਕਰਵਾਇਆ ਜਾਣਾ ਹੈ ਕਿ ਉਨਾਂ ਦੇ ਅਧੀਨ ਕੰਮ ਕਰਦੇ ਕਰਮਚਾਰੀਆਂ ਵਿਚੋਂ ਮਾਸਟਰ ਕਾਡਰ ਦੀ ਤਰੱਕੀ ਲਈ ਯੋਗ ਕਰਮਚਾਰੀ ਦਾ ਕੇਸ ਭੇਜਣ ਤੋਂ ਪੈਡਿੰਗ ਨਹੀਂ ਹੈ। ਇਸ ਲਈ ਇਸ ਸਮੇਂ ਤੱਕ ਮਿਤੀ 23.01.2026 ਰਾਹੀਂ ਜਾਰੀ ਨੋਟਿਸ ਅਧੀਨ ਕੀਤੀ ਜਾਣ ਵੀ ਸਟੇਸ਼ਨ ਚੋਣ ਪ੍ਰੀਕ੍ਰਿਆ ਮੁਲਤਵੀ ਕੀਤੀ ਜਾਂਦੀ ਹੈ।

ਇਸ ਉਪਰੰਤ ਜੇਕਰ ਮੁੜ ਵਿਭਾਗ ਦੇ ਧਿਆਨ ਵਿੱਚ ਆਉਂਦਾ ਹੈ ਕਿ ਕਿਸੇ ਯੋਗ ਕਰਮਚਾਰੀ ਦਾ ਕੇਸ ਭੇਜਣ ਤੋਂ ਪੈਡਿੰਗ ਰਹਿ ਜਾਂਦਾ ਹੈ ਤਾਂ ਉਸ ਦੇ ਲਈ ਸਬੰਧਤ ਜਿਲ੍ਹਾ ਸਿੱਖਿਆ ਅਫ਼ਸਰ ਦੀ ਨਿੱਜੀ ਜਿੰਮੇਵਾਰੀ ਹੋਵੇਗੀ।

**ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ**

## ਦਫਤਰ ਜਿਲਾ ਸਿਖਿਆ ਅਫਸ਼ਰ(ਸੈ.ਸਿ) ਬਠਿੰਡਾ

ਪਿਠਅੰਕਣ ਨੰ: ਅ-1/1( )2026/ 933 ਮਿਤੀ 29.1.2026

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:

1 ਦਫਤਰ ਜਿਲਾ ਸਿਖਿਆ ਅਫਸਰ(ਐ.ਸਿ) ਬਠਿੰਡਾ।

2 ਸਮੂਹ ਸਕੂਲ ਮੁਖੀਆਂ ਸਸਸਸ/ਸਹਸ/ਸਮਸ ਜਿਲਾ ਬਠਿੰਡਾ ਨੂੰ।

29/1/26

ਜਿਲਾ ਸਿਖਿਆ ਅਫਸਰ (ਸੈ ਸਿ)
ਬਠਿੰਡਾ